COUNTIES MANUKAU HEALTH

# ਮਹਾਂਨਗਰ ਔਕਲੈਂਡ ਵਿਖੇ ਖੁੱਲ੍ਹ ਰਹੇ ਨਵੇਂ ਕਮਿਊਨਿਟੀ ਜਾਂਚ ਕੇਂਦਰ (ਸੀ.ਟੀ.ਸੀਜ਼)

ਅਸੀਂ ਔਕਲੈਂਡ ਵਸਦੇ ਆਪਣੇ ਭਾਈਚਾਰੇ ਲਈ ਕੋਵਿਡ–19 ਜਾਂਚ ਲਈ ਇਕ ਨਵਾਂ ਮਾਡਲ ਪੇਸ਼ ਕਰ ਰਹੇ ਹਾਂ।

ਸਾਡੇ ਨਵੇਂ ਕਮਿਊਨਿਟੀ ਜਾਂਚ ਕੇਂਦਰ (ਸੀ.ਟੀ.ਸੀਜ਼) ਹੁਣ ਪੁਰਾਣੇ ਕਮਿਊਨਿਟੀ ਅਧਾਰਿਤ ਜਾਇਜਾ ਕੇਂਦਰਾਂ (ਸੀ.ਬੀ.ਏ. ਸੀਜ਼) ਜੋ ਮਾਰਚ ਅਤੇ ਅਪ੍ਰੈਲ ਵਿਚ ਸਥਾਪਿਤ ਕੀਤੇ ਗਏ ਸਨ, ਦੇ ਬਦਲਵੇਂ ਰੂਪ ਵਿਚ ਹੋਣਗੇ।

ਇਹ ਜਾਂਚ–ਕੇਂਦਰ ਕਮਿਊਨਿਟੀ ਦੀ ਪਹੁੰਚ ਵਿਚ ਲੰਬੇ ਸਮੇਂ ਲਈ ਅਤੇ ਚਿਰ ਸਥਾਈ ਜਾਂਚ ਕਰਨ ਵਾਸਤੇ ਹੋਣਗੇ। ਇਸ ਤੋਂ ਇਲਾਵਾ ਅਸੀਂ ਮੋਬਾਇਲ ਜਾਂਚ ਇਕਾਈਆਂ ਵੀ ਲਿਆ ਰਹੇ ਹਾਂ ਜੋ ਕਿ ਆਸਾਨੀ ਨਾਲ ਨਮੂਨੇ ਲੈ ਸਕਣਗੇ।

**ਟੈਸਟ ਕਰਵਾਉ**–ਜੇਕਰ ਤੁਹਾਨੂੰ ਨਵੀਂ ਅਤੇ ਵਿਗੜੀ ਹੋਈ ਖਾਂਸੀ, ਗਲੇ ਵਿਚ ਖਰਾਸ਼, ਸਾਹ ਚੜ੍ਹਨਾ, ਮੱਥੇ ਦਾ ਠੰਡਾ ਪੈਣਾ ਜਾਂ ਸੁੰਘਣ ਸ਼ਕਤੀ ਵਿਚ ਕਮੀ ਹੋਣਾ ਜਾਂ ਤੁਹਾਨੂੰ ਜਾਂਚ ਕਰਵਾਉਣ ਲਈ ਕਿਹਾ ਗਿਆ ਹੈ ਤਾਂ ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਤੁਸੀਂ ਸੁਰੱਖਿਆ ਵਾਸਤੇ ਆਪਣੀ ਜਾਂਚ ਕਰਵਾਓ।

ਜਾਂਚ ਕਰਵਾਉਣਾ ਇਕ ਕੋਵਿਡ–19 ਦਾ ਕੇਸ ਲੱਭਣ ਵਾਸਤੇ ਬਣਾਈ ਨੀਤੀ ਦਾ ਇਕ ਅਹਿਮ ਹਿੱਸਾ ਹੈ ਅਤੇ ਮਹਾਂਮਾਰੀ ਦੇ ਖਾਤਮੇ ਲਈ ਭਾਈਚਾਰੇ ਦੀ ਬਣਾਈ ਪਹੁੰਚ ਦਾ ਵੀ ਇਕ ਹਿੱਸਾ ਹੈ।

**COVID-19 Community Testing Centres**